2026 ਆਮ ਚੋਣਾਂ

# ਕੀ ਤੁਸੀਂ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਨਹੀਂ ਜਾ ਸਕਦੇ ਹੋ?

ELECTORAL COMMISSION
TE KAITIAKI TAKE KŌWHIRI

**vote.nz**



## 2026 ਦੀਆਂ ਆਮ ਚੋਣਾਂ ਵਿੱਚ ਵੋਟ ਪਾਓ

2026 ਦੀਆਂ ਆਮ ਚੋਣਾਂ ਵਿੱਚ ਵੋਟ ਪਾਉਣ ਲਈ, ਤੁਹਾਨੂੰ **ਐਤਵਾਰ 25 ਅਕਤੂਬਰ ਦੀ ਅੱਧੀ ਰਾਤ** ਤੱਕ ਨਾਮ ਦਰਜ ਕਰਵਾਉਣ ਦੀ ਲੋੜ ਹੈ।

ਤੁਸੀਂ 2026 ਦੀਆਂ ਆਮ ਚੋਣਾਂ ਵਿੱਚ ਸੋਮਵਾਰ 26 ਅਕਤੂਬਰ ਤੋਂ ਲੈਕੇ ਚੋਣਾਂ ਵਾਲੇ ਦਿਨ, ਸ਼ਨੀਵਾਰ 7 ਨਵੰਬਰ ਨੂੰ ਸ਼ਾਮ 7 ਵਜੇ ਤੱਕ ਵੋਟ ਪਾ ਸਕਦੇ ਹੋ। ਜਾਣ ਤੋਂ ਪਹਿਲਾਂ ਵੋਟ ਪਾਉਣ ਦੇ ਸਥਾਨਾਂ ਦੇ ਖੁੱਲ੍ਹਣ ਦੇ ਸਮਿਆਂ ਅਤੇ ਟਿਕਾਣਿਆਂ ਵਾਸਤੇ **vote.nz** 'ਤੇ ਜਾਓ।

ਜੇ ਤੁਸੀਂ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਨਹੀਂ ਜਾ ਸਕਦੇ ਹੋ, ਤੁਸੀਂ ਤਾਂ ਵੀ ਵੋਟ ਪਾ ਸਕਦੇ ਹੋ ਜੇ ਤੁਸੀਂ **ਐਤਵਾਰ 25 ਅਕਤੂਬਰ ਦੀ ਅੱਧੀ ਰਾਤ** ਤੱਕ ਨਾਮ ਦਰਜ ਕਰਵਾ ਲੈਂਦੇ ਹੋ।

**Complete this form on both sides to authorise someone to collect voting papers on your behalf**

**Voter's details. Please print clearly.**

My first name(s) are:

My last name is:

My contact phone number is:

Address where I am enrolled to vote:

✓ Tick the electoral roll you believe you are enrolled on:

☐ General roll ☐ Māori roll

OFFICIAL USE ONLY:
Index reference

**ਵੋਟ ਕਿੱਥੇ ਅਤੇ ਕਦੋਂ ਪਾਉਣੀ ਹੈ, ਇਸ ਬਾਰੇ ਜਾਣਕਾਰੀ vote.nz 'ਤੇ ਜਾਂ 0800 36 76 56 'ਤੇ ਕਾਲ ਕਰਕੇ ਮਿਲ ਸਕਦੀ ਹੈ।**

ਤੁਸੀਂ ਸੋਮਵਾਰ 26 ਅਕਤੂਬਰ ਤੋਂ ਲੈਕੇ ਚੋਣਾਂ ਵਾਲੇ ਦਿਨ, ਸ਼ਨੀਵਾਰ 7 ਨਵੰਬਰ ਨੂੰ ਸ਼ਾਮ 7 ਵਜੇ ਤੱਕ ਵੋਟ ਪਾਉਣ ਦੇ ਸਥਾਨਾਂ 'ਤੇ ਵੋਟ ਪਾ ਸਕਦੇ ਹੋ।

ਅਗਾਊਂ ਵੋਟ ਪਾਉਣ ਦੇ ਸਥਾਨਾਂ ਦੇ ਖੁੱਲ੍ਹਣ ਦੇ ਦਿਨ ਅਤੇ ਸਮੇਂ ਵੱਖੋ-ਵੱਖਰੇ ਹਨ। ਵੋਟ ਪਾਉਣ ਲਈ ਜਾਣ ਤੋਂ ਪਹਿਲਾਂ vote.nz 'ਤੇ ਵੋਟ ਪਾਉਣ ਦੇ ਸਮਿਆਂ ਬਾਰੇ ਪਤਾ ਕਰੋ।

ਵੋਟ ਪਾਉਣ ਦੇ ਸਥਾਨ ਚੋਣਾਂ ਵਾਲੇ ਦਿਨ, ਸ਼ਨੀਵਾਰ 7 ਨਵੰਬਰ ਨੂੰ ਸਵੇਰੇ 9 ਵਜੇ ਤੋਂ ਲੈਕੇ ਸ਼ਾਮ 7 ਵਜੇ ਤੱਕ ਖੁੱਲ੍ਹੇ ਰਹਿਣਗੇ।

## ਕੀ ਤੁਸੀਂ ਚੋਣਾਂ ਵਾਲੇ ਦਿਨ ਕੰਮ ਕਰ ਰਹੇ ਹੋ?

ਤੁਹਾਨੂੰ ਚੋਣਾਂ ਵਾਲੇ ਦਿਨ ਵੋਟ ਪਾਉਣ ਲਈ ਜਾਣ ਵਾਸਤੇ ਕੰਮ ਤੋਂ ਛੁੱਟੀ ਲੈਣ ਦੀ ਕਨੂੰਨੀ ਤੌਰ 'ਤੇ ਇਜਾਜ਼ਤ ਹੈ। ਤੁਸੀਂ ਸੋਮਵਾਰ 26 ਅਕਤੂਬਰ ਤੋਂ ਕਿਸੇ ਵੀ ਵੋਟ ਪਾਉਣ ਦੇ ਸਥਾਨ 'ਤੇ ਪਹਿਲਾਂ ਵੀ ਵੋਟ ਪਾ ਸਕਦੇ ਹੋ।

## ਜੇ ਤੁਸੀਂ ਕਿਸੇ ਕੇਅਰ ਹੋਮ ਵਿੱਚ ਹੋ ਤਾਂ ਵੀ ਤੁਸੀਂ ਵੋਟ ਪਾ ਸਕਦੇ ਹੋ

ਜੇ ਤੁਸੀਂ ਕਿਸੇ ਕੇਅਰ ਹੋਮ ਵਿੱਚ ਹੋ, ਤਾਂ ਤੁਹਾਨੂੰ ਸਾਡੇ ਨਾਲ ਸੰਪਰਕ ਕਰਨ ਦੀ ਲੋੜ ਨਹੀਂ ਹੈ। ਵੋਟ ਪਾਉਣ ਦੀਆਂ ਸੇਵਾਵਾਂ ਦਾ ਬੰਦੋਬਸਤ ਕਰਨ ਲਈ ਤੁਹਾਡਾ ਸਥਾਨਕ ਇਲੈਕਟੋਰੇਟ ਮੈਨੇਜਰ ਤੁਹਾਡੇ ਕੇਅਰ ਹੋਮ ਦੇ ਨਾਲ ਸੰਪਰਕ ਕਰੇਗਾ।

## ਜੇ ਤੁਸੀਂ ਕਿਸੇ ਹਸਪਤਾਲ ਵਿੱਚ ਹੋ ਤਾਂ ਵੀ ਤੁਸੀਂ ਵੋਟ ਪਾ ਸਕਦੇ ਹੋ

ਜੇ ਤੁਸੀਂ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਇਸ ਲਈ ਨਹੀਂ ਜਾ ਸਕਦੇ ਹੋ ਕਿਉਂਕਿ ਤੁਸੀਂ ਹਸਪਤਾਲ ਵਿੱਚ ਹੋ, ਤਾਂ ਸੋਮਵਾਰ 26 ਅਕਤੂਬਰ ਤੋਂ ਕੋਈ ਦੋਸਤ ਜਾਂ ਪਰਿਵਾਰਕ ਮੈਂਬਰ ਤੁਹਾਡੇ ਲਈ ਤੁਹਾਡੇ ਵੋਟਿੰਗ ਪੇਪਰ ਲਿਆ ਸਕਦਾ ਹੈ।

ਜੇ ਤੁਹਾਡਾ ਚੋਣਾਂ ਵਾਲੇ ਦਿਨ ਤੋਂ ਪਹਿਲਾਂ ਹਸਪਤਾਲ ਜਾਣਾ ਤੈਅ ਹੈ, ਤਾਂ ਜੇ ਹੋ ਸਕੇ ਤਾਂ ਸੋਮਵਾਰ 26 ਅਕਤੂਬਰ ਤੋਂ, ਅਗਾਊਂ ਵੋਟ ਪਾਉਣਾ ਸਭ ਤੋਂ ਚੰਗਾ ਹੈ। ਵਧੇਰੇ ਜਾਣਕਾਰੀ ਵਾਸਤੇ ਸਾਨੂੰ 0800 36 76 56 'ਤੇ ਕਾਲ ਕਰੋ।

## ਜੇ ਤੁਸੀਂ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਨਹੀਂ ਜਾ ਸਕਦੇ ਹੋ ਤਾਂ ਤੁਹਾਡੇ ਵਿਕਲਪ

ਅਸੀਂ ਉਹਨਾਂ ਲੋਕਾਂ ਲਈ ਵੋਟ ਪਾਉਣ ਦੀਆਂ ਸੇਵਾਵਾਂ ਪ੍ਰਦਾਨ ਕਰਾਉਂਦੇ ਹਾਂ ਜੋ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਨਹੀਂ ਜਾ ਸਕਦੇ ਹਨ। ਜੇ ਤੁਸੀਂ ਖੁਦ ਜਾ ਕੇ ਵੋਟ ਨਹੀਂ ਪਾ ਸਕਦੇ ਹੋ, ਉਦਾਹਰਨ ਲਈ, ਬਿਮਾਰੀ ਜਾਂ ਕਿਸੇ ਅਪੰਗਤਾ ਕਰਕੇ, ਤਾਂ ਤੁਸੀਂ ਕਿਸੇ ਨੂੰ ਤੁਹਾਡੇ ਵੋਟਿੰਗ ਪੇਪਰ ਲਿਆਉਣ ਲਈ ਕਹਿ ਸਕਦੇ ਹੋ ਜਾਂ ਤੁਹਾਨੂੰ ਵੋਟਿੰਗ ਪੇਪਰ ਭੇਜੇ ਜਾਣ ਵਾਸਤੇ ਅਰਜ਼ੀ ਦੇ ਸਕਦੇ ਹੋ।

## ਕਿਸੇ ਨੂੰ ਕਹੋ ਕਿ ਉਹ ਤੁਹਾਡੇ ਵੋਟਿੰਗ ਪੇਪਰ ਲੈ ਕੇ ਆਵੇ

ਜੇ ਤੁਸੀਂ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਨਹੀਂ ਜਾ ਸਕਦੇ ਹੋ, ਤਾਂ ਨੱਥੀ ਫ਼ਾਰਮ ਭਰੋ ਅਤੇ ਇਸ 'ਤੇ ਦਸਤਖ਼ਤ ਕਰੋ ਅਤੇ ਕਿਸੇ ਨੂੰ ਕਹੋ ਕਿ ਉਹ ਤੁਹਾਡੀ ਥਾਂ 'ਤੇ ਇਸ ਨੂੰ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਲੈ ਜਾਵੇ। ਫੇਰ ਉਹ ਤੁਹਾਡੇ ਵੱਲੋਂ ਭਰੇ ਜਾਣ ਵਾਸਤੇ ਤੁਹਾਡੇ ਵੋਟਿੰਗ ਪੇਪਰ ਤੁਹਾਡੇ ਕੋਲ ਲੈ ਕੇ ਆਉਣਗੇ।

ਜੇ ਅਜਿਹਾ ਕੋਈ ਵਿਅਕਤੀ ਨਹੀਂ ਹੈ ਜੋ ਤੁਹਾਡੀ ਤਰਫ਼ੋਂ ਤੁਹਾਡੇ ਵੋਟਿੰਗ ਪੇਪਰ ਲੈ ਸਕੇ, ਤਾਂ ਹੋ ਸਕਦਾ ਹੈ ਅਸੀਂ ਇਹ ਤੁਹਾਡੇ ਕੋਲ ਪਹੁੰਚਾ ਸਕੀਏ।

ਹੋਰ ਪੁੱਛਗਿੱਛ ਕਰਨ ਲਈ ਆਪਣੇ ਸਥਾਨਕ ਇਲੈਕਟੋਰੇਟ ਮੈਨੇਜਰ ਨਾਲ ਸੰਪਰਕ ਕਰੋ। ਤੁਸੀਂ ਉਹਨਾਂ ਦੀ ਸੰਪਰਕ ਜਾਣਕਾਰੀ vote.nz 'ਤੇ ਦੇਖ ਸਕਦੇ ਹੋ ਜਾਂ 0800 36 76 56 'ਤੇ ਸਾਨੂੰ ਕਾਲ ਕਰੋ।

## ਤੁਹਾਡੇ ਵੋਟਿੰਗ ਪੇਪਰਾਂ ਨੂੰ ਵਾਪਸ ਕਿਵੇਂ ਭੇਜਣਾ ਹੈ

**ਤੁਸੀਂ ਇਹ ਕਰ ਸਕਦੇ ਹੋ:** ਕਿਸੇ ਨੂੰ ਕਹੋ ਕਿ ਉਹ ਤੁਹਾਡੇ ਭਰੇ ਹੋਏ ਵੋਟਿੰਗ ਪੇਪਰ ਸ਼ਨੀਵਾਰ 7 ਨਵੰਬਰ ਨੂੰ ਸ਼ਾਮ 7 ਵਜੇ ਤੋਂ ਪਹਿਲਾਂ ਕਿਸੇ ਵੋਟ ਪਾਉਣ ਦੇ ਸਥਾਨ 'ਤੇ ਸੌਂਪ ਦੇਵੇ।

ਜੇ ਤੁਹਾਡੇ ਕੋਲ ਰਿਟਰਨ ਕੋਰੀਅਰ ਪੈਕ ਹੈ, ਤਾਂ ਕੋਰੀਅਰ ਪਿਕਅਪ ਦਾ ਬੰਦੋਬਸਤ ਕਰਨ ਲਈ ਪੈਕ ਉੱਤੇ ਦਿੱਤੀਆਂ ਹਿਦਾਇਤਾਂ ਦੀ ਪਾਲਣਾ ਕਰੋ, ਨਹੀਂ ਤਾਂ ਜੇ ਤੁਹਾਨੂੰ ਮਦਦ ਚਾਹੀਦੀ ਹੈ ਤਾਂ ਸਾਨੂੰ 0800 36 76 56 'ਤੇ ਕਾਲ ਕਰੋ।

i

**ਵਧੇਰੇ ਜਾਣਕਾਰੀ ਇੱਥੋਂ ਮਿਲ ਸਕਦੀ ਹੈ:**

- ਦੇਖੋ: **vote.nz**
- ਕਾਲ ਕਰੋ: **0800 36 76 56**

## Give my voting papers to the person I have authorised

The name of the person I have authorised to collect and deliver my voting papers to me is:

 

**Note:** this application must be signed for it to be valid.

✓

☐ I have been authorised to collect and deliver voting papers to the voter named on this form.

| Signature of authorised person | Date |
|---|---|
| | |

| Signature of voter | Date |
|---|---|
| | |